بسم اللہ الرحمن الرحیم　　نحمدہ و نصلی علی رسولہ الکریم　　وعلی عبدہ المسیح الموعود
لا الٰہ الا اللہ محمد رسول اللہ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in　　ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਦੀ ਸ਼ਹਾਦਤ ਦੇ ਕਿੱਸਿਆਂ ਦਾ ਬਿਆਨ, ਵੱਖੋ ਵੱਖ ਦੇਸ਼ਾਂ ਦੇ ਮਜ਼ਲੂਮਾਂ ਲਈ ਦੁਆਵਾਂ ਦੀ ਤਹਰੀਕ

ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ
ਅੱਯਾਦਹੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 31 ਮਈ 2024 ਮਸਜਿਦ ਮੁਬਾਰਕ, ਇਸਲਾਮਾਬਾਦ

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ اَلرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਇੱਕ ਸਰਯਾ ਦੇ ਜ਼ਿਕਰ ਵਿੱਚ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਦੇ ਸ਼ਹੀਦ ਹੋਣ ਦਾ ਜ਼ਿਕਰ ਹੋ ਰਿਹਾ ਸੀ। ਇਸ ਦੇ ਹੋਰ ਵਿਸਥਾਰ ਵਿੱਚ ਲਿੱਖਿਆ ਹੈ ਕਿ ਇਹ ਪਹਿਲੇ ਸਹਾਬੀ ਸਨ। ਜਿਨ੍ਹਾਂ ਨੂੰ ਲਕੜ੍ਹ ਨਾਲ ਬੰਨ੍ਹ ਕੇ ਸ਼ਹੀਦ ਕੀਤਾ ਗਿਆ ਸੀ। ਅਰਥਾਤ ਸਲੀਬ ਵਾਂਗ ਲਮਕਾ ਕੇ ਸ਼ਹੀਦ ਕੀਤਾ ਗਿਆ ਸੀ।

ਅਲਾਮਾ ਇਬਨੇ ਕਸੀਰ ਲਿੱਖਦੇ ਹਨ ਕਿ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਪਹਿਲੇ ਸਹਾਬੀ ਸਨ। ਜੋ ਰੱਬ ਦੀ ਰਾਹ ਵਿੱਚ ਸਲੀਬ ਦਿੱਤੇ ਗਏ। ਸ਼ਹਾਦਤ ਦੇ ਸਮੇਂ ਕੁਰੇਸ਼ ਨੇ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਨੂੰ ਇਸਲਾਮ ਛੱਡਣ ਉੱਤੇ, ਆਜ਼ਾਦ ਕਰਨ ਦੀ ਪੇਸ਼ਕਸ਼ ਕੀਤੀ ਸੀ। ਪਰ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਨੇ ਫ਼ਰਮਾਇਆ ਕਿ ਇਸਲਾਮ ਦੀ ਰਾਹ ਵਿੱਚ ਮੇਰਾ ਸ਼ਹੀਦ ਹੋਣਾ ਤਾਂ ਇੱਕ ਨਿੱਕੀ ਜਿਹੀ ਗੱਲ੍ਹ ਆ।

ਫਿਰ ਰੱਬ ਨੂੰ ਇੰਝ ਕਿਹਾ ਕਿ ਹੇ ਰੱਬ ! ਇੱਥੇ ਕੋਈ ਨਹੀਂ ਜੋ ਤੇਰੇ ਰਸੂਲ ਸੱਲਲਾਹੁ ਅਲੈਹਿ ਵੱਸਲਮ ਤੱਕ ਮੇਰਾ ਸਲਾਮ ਪਹੁੰਚਾ ਦੇਵੇ। ਸੋ, ਤੂੰ ਆਪ ਮੇਰਾ ਸਲਾਮ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਤੱਕ ਪਹੁੰਚਾ ਅਤੇ ਜੋ ਕੁੱਝ ਸਾਡੇ ਨਾਲ ਹੋਇਆ, ਉਹ ਆਪ ਸੱਲਲਾਹੁ ਅਲੈਹਿ ਵੱਸਲਮ ਨੂੰ ਦੱਸਦੇ।

ਹਜ਼ਰਤ ਉਸਾਮਾ ਬਿਨ ਜ਼ੈਦ ਰਜ਼ੀ ਅੱਲਾਹ ਅੰਨਹੁ ਤੋਂ ਸਾਖੀ ਹੈ ਕਿ ਇੱਕ ਦਿਨ ਅਸੀਂ ਹਜ਼ੂਰ ਸੱਲਲਾਹੁ ਅਲੈਹਿ ਵੱਸਲਮ ਨਾਲ ਬਹਿਠੇ ਹੋਏ ਸਨ ਕਿ ਆਪ ਸੱਲਲਾਹੁ ਅਲੈਹਿ ਵੱਸਲਮ ਉੱਤੇ ਵਹੀ ਵਾਲੀ ਹਾਲਤ ਆਈ ਅਤੇ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ : ਉਸ ਉੱਤੇ ਵੀ ਸਲਾਮਤੀ ਅਤੇ ਰਹਿਮਤਾਂ ਅਤੇ ਬਰਕਤਾਂ ਹੋਣ। ਫਿਰ ਜੱਦ ਇਹ ਹਾਲਤ ਖਤਮ ਹੋਈ ਤਾਂ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ ਕਿ ਇਹ ਜਿਬਰਾਈਲ ਅਲੈਹਿ ਸਲਾਮ ਸਨ। ਜੋ ਮੈਨੂੰ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਦਾ ਸਲਾਮ ਪਹੁੰਚਾ ਰਹੇ ਸਨ। ਖ਼ੁੱਬੇਬ ਨੂੰ ਕੁਰੇਸ਼ ਨੇ ਕਤਲ ਕਰ ਦਿੱਤਾ।

ਸਾਖੀ ਹੈ ਕਿ ਕੁਰੇਸ਼ ਨੇ ਅਜਿਹੇ ਚਾਲ੍ਹੀ ਆਦਮੀਆਂ ਨੂੰ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਦੇ ਕਤਲ ਦੇ ਸਮੇਂ ਸੱਦਿਆ। ਜਿਨ੍ਹਾਂ ਦੇ ਬਾਪ ਦਾਦੇ ਜੰਗੇ ਬਦਰ ਵਿੱਚ ਕਤਲ ਹੋਏ ਸਨ। ਫਿਰ ਕੁਰੇਸ਼ ਦੇ ਉਹਨਾਂ ਲੋਕਾਂ ਵਿੱਚੋਂ ਹਰ ਇੱਕ ਨੂੰ ਇੱਕ ਇੱਕ ਨੇਜ਼ਾ ਦੇ ਕੇ ਕਿਹਾ ਕਿ ਇਹੀ ਉਹ ਵਿਅਕਤੀ ਹੈ। ਜਿਸ ਨੇ ਤੁਹਾਡੇ ਬਾਪ ਦਾਦਾ ਨੂੰ ਕਤਲ ਕੀਤਾ

ਸੀ ਤਾਂ ਉਹਨਾਂ ਨੇ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਨੂੰ ਆਪਣੇ ਨੇਜ਼ਿਆਂ ਨਾਲ ਹਲਕਾ ਜ਼ਖਮ ਲਾਇਆ। ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਸਲੀਬ ਉੱਤੇ ਬੇਚੈਨ ਹੋਣ ਲੱਗੇ। ਫਿਰ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਪਲਟੇ ਤਾਂ ਉਹਨਾਂ ਦਾ ਮੂੰਹ ਕਾਅਬੇ ਵੱਲ੍ਹ ਹੋ ਗਿਆ। ਉਹਨਾਂ ਨੇ ਕਿਹਾ : ਸਾਰੀਆਂ ਤਾਰੀਫ਼ਾਂ ਰੱਬ ਲਈ ਹਨ। ਜਿਸ ਨੇ ਮੇਰੇ ਚਿਹਰੇ ਨੂੰ ਆਪਣੇ ਕਿਬਲੇ ਵੱਲ੍ਹ ਕਰ ਲਿਆ। ਜੋ ਉਸ ਨੇ ਆਪਣੇ ਲਈ ਪਸੰਦ ਕੀਤਾ ਸੀ। ਫਿਰ ਮੁਸ਼ਰੀਕਾਂ ਨੇ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਨੂੰ ਕਤਲ ਕਰ ਦਿੱਤਾ। ਇਸ ਨਾਲ ਪਤਾ ਲੱਗਦਾ ਹੈ ਕਿ ਮੁਸ਼ਰੀਕਾਂ ਨੇ ਪਹਿਲਾਂ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਨੂੰ ਨੇਜ਼ੇ ਮਾਰੇ, ਬਹੁਤ ਦੁੱਖ ਦਿੱਤਾ ਅਤੇ ਫਿਰ ਕਤਲ ਕੀਤਾ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਕੁਰੇਸ਼ ਦੇ ਸਰਦਾਰਾਂ ਦੀ ਦੁਸ਼ਮਣੀ ਦੇ ਸਾਮ੍ਹਣੇ, ਰਹਿਮ ਅਤੇ ਇੰਨਸਾਫ ਦਾ ਜਜ਼ਬਾ ਅਸੰਭਵ ਸੀ। ਸੋ, ਹਾਲੇ ਬਹੁਤ ਦਿਨ ਨਹੀਂ ਲੰਘੇ ਸਨ ਕਿ ਬਨੂ ਹਾਰਿਸ ਦੇ ਲੋਕ ਅਤੇ ਦੂਜੇ ਕੁਰੇਸ਼ ਦੇ ਸਰਦਾਰ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਨੂੰ ਕਤਲ ਕਰਨ ਅਤੇ ਉਹਨਾਂ ਦੇ ਕਤਲ ਉੱਤੇ ਜਸ਼ਨ ਮਨਾਉਣ ਲਈ, ਉਹਨਾਂ ਨੂੰ ਇੱਕ ਖੁੱਲ੍ਹੇ ਮੈਦਾਨ ਵਿੱਚ ਲੈ ਗਏ। ਆਪ ਰਜ਼ੀ ਅੱਲਾਹ ਅੰਨਹੁ ਨੇ ਮਰਨ ਤੋਂ ਪਹਿਲਾਂ ਦੋ ਨਫ਼ਲ ਅਦਾ ਕਰਨ ਦੀ ਆਗਿਆ ਮੰਗੀ। ਫਿਰ ਸ਼ਰਧਾ ਨਾਲ ਨਫ਼ਲ ਅਦਾ ਕੀਤੇ ਅਤੇ ਕਿਹਾ ਕਿ ਮੇਰਾ ਦਿਲ ਤਾਂ ਚਾਹੁੰਦਾ ਹੈ ਕਿ ਨਮਾਜ਼ ਨੂੰ ਲੰਮਾ ਕਰਾਂ। ਪਰ ਫਿਰ ਮੈਨੂੰ ਇਹ ਖਿਆਲ ਆਇਆ ਕਿ ਤੁਸੀਂ ਇਹ ਨ ਸਮਝੋ ਕਿ ਮੈਂ ਮੌਤ ਨੂੰ ਪਿੱਛੇ ਪਾਉਣ ਲਈ ਨਮਾਜ਼ ਨੂੰ ਲੰਮਾ ਕਰ ਰਿਹਾ ਹਾਂ। ਫਿਰ ਹਜ਼ਰਤ ਖ਼ੁੱਬੇਬ ਰਜੀ ਅੱਲਾਹ ਅੰਨਹੁ ਇਹ ਸਤਰਾਂ ਪੜ੍ਹਦੇ ਹੋਏ ਅੱਗੇ ਨੂੰ ਝੁੱਕ ਗਏ।

ਅਰਥਾਤ ਜੱਦ ਕਿ ਮੈਂ ਇਸਲਾਮ ਦੀ ਰਾਹ ਵਿੱਚ ਅਤੇ ਮੁਸਲਮਾਨ ਹੋਣ ਦੀ ਹਾਲਤ ਵਿੱਚ ਕਤਲ ਹੋ ਰਿਹਾ ਹਾਂ ਤਾਂ ਮੈਨੂੰ ਇਹ ਚਿੰਤਾ ਨਹੀਂ ਕਿ ਮੈਂ ਕਿਸ ਪਹਿਲੂ ਉੱਤੇ ਕਤਲ ਹੋ ਕੇ ਡਿੱਗਣਾ। ਇਹ ਸਭ ਕੁੱਝ ਰੱਬ ਲਈ ਹੈ ਅਤੇ ਜੇਕਰ ਮੇਰਾ ਰੱਬ ਚਾਹੇਗਾ ਤਾਂ ਮੇਰੇ ਸ਼ਰੀਰ ਦੇ ਟੁਕੜਿਆਂ ਉੱਤੇ ਬਰਕਤ ਉਤਾਰੇਗਾ।

ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਨੇ ਸ਼ਹਾਦਤ ਦੇ ਸਮੇਂ ਦੁਆ ਕੀਤੀ ਸੀ ਕਿ ਹੇ ਰੱਬ ! ਇਹਨਾਂ ਜ਼ਾਲਮਾਂ ਨੂੰ ਚੁੰਨ ਚੁੰਨ ਕੇ ਹਲਾਕ ਕਰ। ਸੋ, ਸਾਖੀ ਵਿੱਚ ਆਉਂਦਾ ਹੈ ਕਿ ਹਾਲੇ ਇੱਕ ਸਾਲ ਵੀ ਨ ਲੰਘਿਆ ਸੀ ਕਿ ਇਸ ਕਤਲ ਵਿੱਚ ਸ਼ਾਮਿਲ ਹੋਣ ਵਾਲੇ ਸਾਰੇ ਜ਼ਾਲਮ ਹਲਾਕ ਹੋ ਗਏ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇਹ ਤਾਂ ਸਾਬਤ ਨਹੀਂ ਹੈ। ਬਾਕੀ ਥਾਵਾਂ ਤੋਂ ਨਹੀਂ ਮਿਲਦਾ ਕਿ ਇੱਕ ਸਾਲ ਹਾਲੇ ਖਤਮ ਨਹੀਂ ਹੋਇਆ ਸੀ ਅਤੇ ਇਹ ਸਾਰੇ ਲੋਕ ਖਤਮ ਹੋ ਗਏ। ਹਾਂ, ਇਹ ਕਿਹਾ ਜਾਂ ਸਕਦਾ ਹੈ ਕਿ ਉਹਨਾਂ ਵਿੱਚੋਂ ਅਕਸਰ ਮਾਰੇ ਗਏ ਜਾਂ ਫਤਹਿ ਮੱਕਾ ਤੱਕ ਉਹਨਾਂ ਨੇ ਇਸਲਾਮ ਕਬੂਲ ਕਰ ਲਿਆ।

ਇੱਕ ਜੀਵਨੀਕਾਰ ਇਸ ਹਵਾਲੇ ਨਾਲ ਲਿੱਖਦਾ ਹੈ ਕਿ ਮੁਸ਼ਰਿਕ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਦੀ ਜ਼ਬਾਨ ਵਿੱਚੋਂ ਇਹ ਸ਼ਬਦ ਸੁੰਨ ਕੇ ਕੰਬ ਗਏ। ਉਹਨਾਂ ਨੂੰ ਯਕੀਨ ਸੀ ਕਿ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਦੀ ਇਹ ਬਦ-ਦੁਆ ਵਿਅਰਥ ਨਹੀਂ ਜਾਵੇਗੀ। ਕੁਰੇਸ਼ ਵਿੱਚ ਇਸ ਬਦ-ਦੁਆ ਦੀ ਬਹੁਤ ਚਰਚਾ ਰਹੀ। ਇੱਕ ਮਹੀਨੇ ਜਾਂ ਉਸ ਤੋਂ ਵੱਧ ਸਮੇਂ ਤੱਕ ਉਹਨਾਂ ਦੀਆਂ ਮਜਲਿਸਾਂ ਵਿੱਚ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਦੀ ਬਦ-ਦੁਆ ਦਾ ਡਰ ਮੰਡਲਾਉਂਦਾ ਰਿਹਾ ਅਤੇ ਉਹ ਇਸ ਉੱਤੇ ਕਈ ਪ੍ਰਕਾਰ ਦੇ ਵਿਚਾਰ ਵਟਾਂਦਰੇ ਕਰਦੇ ਰਹੇ।

ਜਿਨ੍ਹਾਂ ਨੇ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਨੂੰ ਸ਼ਹੀਦ ਕੀਤਾ ਸੀ। ਉਹਨਾਂ ਵਿੱਚ ਇੱਕ ਵਿਅਕਤੀ ਸਈਦ ਬਿਨ ਆਮਿਰ ਵੀ ਸੀ। ਇਹ ਵਿਅਕਤੀ ਬਾਦ ਵਿੱਚ ਮੁਸਲਮਾਨ ਹੋ ਗਿਆ ਅਤੇ ਹਜ਼ਰਤ ਉਮਰ ਰਜ਼ੀ ਅੱਲਾਹ

ਅੰਨਹੁ ਦੀ ਖਿਲਾਫਤ ਤੱਕ ਉਸ ਦਾ ਇਹ ਹਾਲ ਸੀ ਕਿ ਜੱਦ ਉਸ ਨੂੰ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਦੀ ਸ਼ਹਾਦਤ ਦਾ ਕਿੱਸਾ ਯਾਦ ਆਉਂਦਾ ਤਾਂ ਉਹ ਬੇਹੋਸ਼ ਹੋ ਜਾਂਦਾ। ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਨੇ ਸਈਦ ਨੂੰ ਸ਼ਾਮ ਦੇਸ਼ ਵਿੱਚ ਇੱਕ ਥਾਂ ਦਾ ਆਮਿਲ ਬਣਾਇਆ ਸੀ ਅਤੇ ਉਹਨਾਂ ਦਾ ਇਹ ਹਾਲ ਸੀ ਕਿ ਲੋਕਾਂ ਦੇ ਵਿਚਕਾਰ ਵੀ ਜੇਕਰ ਇਸ ਕਿੱਸੇ ਦਾ ਜ਼ਿਕਰ ਹੁੰਦਾ ਤਾਂ ਉਹ ਬੇਹੋਸ਼ ਹੋ ਜਾਂਦੇ। ਲੋਕਾਂ ਨੇ ਇਸ ਦਾ ਜ਼ਿਕਰ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਕੋਲ੍ਹ ਕੀਤਾ ਕਿ ਆਪ ਨੇ ਸਾਡੇ ਉੱਤੇ ਇੱਕ ਬਿਮਾਰ ਵਿਅਕਤੀ ਨੂੰ ਅਮੀਰ ਬਣਾ ਦਿੱਤਾ ਹੈ। ਜੱਦ ਸਈਦ ਬਿਨ ਆਮਿਰ, ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਨੂੰ ਮਿਲਣ ਆਏ ਤਾਂ ਆਪ ਰਜ਼ੀ ਅੱਲਾਹ ਅੰਨਹੁ ਨੇ ਉਹਨਾਂ ਨੂੰ ਪੁੱਛਿਆ ਕਿ ਹੇ ਸਈਦ! ਤੈਨੂੰ ਕੋਈ ਬਿਮਾਰੀ ਆ? ਸਈਦ ਬਿਨ ਆਮਿਰ ਨੇ ਉੱਤਰ ਦਿੱਤਾ: ਨਹੀਂ! ਮੈਨੂੰ ਕੋਈ ਬਿਮਾਰੀ ਨਹੀਂ ਹੈ। ਗੱਲ੍ਹ ਕੇਵਲ ਇਹ ਹੈ ਕਿ ਜਿਸ ਸਮੇਂ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਨੂੰ ਕਤਲ ਕੀਤਾ ਜਾ ਰਿਹਾ ਸੀ। ਮੈਂ ਵੀ ਉੱਥੇ ਮੌਜਦ ਸੀ ਅਤੇ ਹੁਣ ਜੱਦ ਵੀ ਮੈਨੂੰ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਦੀ ਉਹ ਦੁਆ ਯਾਦ ਆਉਂਦੀ ਹੈ ਤਾਂ ਮੈਂ ਬੇਹੋਸ਼ ਹੋ ਜਾਂਦਾ ਹਾਂ।

ਕੁਰੇਸ਼ ਨੇ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਦੀ ਲਾਸ਼ ਨੂੰ ਸੂਲੀ ਉੱਤੇ ਹੀ ਛੱਡ ਦਿੱਤਾ ਸੀ ਤਾਂ ਕਿ ਉਹ ਸੜ ਜਾਵੇ। ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਦੀ ਲਾਸ਼ ਨੂੰ ਸੂਲੀ ਤੋਂ ਉਤਾਰਨ ਲਈ ਤਹਰੀਕ ਕਰਦੇ ਹੋਏ ਫ਼ਰਮਾਇਆ ਕਿ ਤੁਹਾਡੇ ਵਿੱਚੋਂ ਕੌਣ ਹਜ਼ਰਤ ਖ਼ੁੱਬੇਬ ਰਜੀ ਅੱਲਾਹ ਅੰਨਹੁ ਦੀ ਲਾਸ਼ ਨੂੰ ਸੂਲੀ ਤੋਂ ਉਤਾਰੇਗਾ। ਇਸ ਉੱਤੇ ਹਜ਼ਰਤ ਜ਼ੂਬੇਰ ਬਿਨ ਅਵਵਾਮ ਰਜ਼ੀ ਅੱਲਾਹ ਅੰਨਹੁ ਨੇ ਕਿਹਾ ਕਿ ਹੇ ਅੱਲਾਹ ਦੇ ਰਸੂਲ! ਮੈਂ ਅਤੇ ਮੇਰਾ ਸਾਥੀ ਮਿਕਦਾਦ ਬਿਨ ਅਸਵਦ ਰਜ਼ੀ ਅੱਲਾਹ ਅੰਨਹੁ। ਜੱਦ ਇਹ ਦੋਵੇਂ ਲਾਸ਼ ਕੋਲ੍ਹ ਪਹੁੰਚੇ ਤਾਂ ਉੱਥੇ ਉਹਨਾਂ ਨੇ 40 ਆਦਮੀਆਂ ਨੂੰ ਪਾਇਆ। ਪਰ ਉਹ ਸਾਰੇ ਹੀ ਮਦਹੋਸ਼ ਸੁੱਤੇ ਹੋਏ ਸਨ। ਉਹਨਾਂ ਦੋਵਾਂ ਨੇ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਨੂੰ ਲਾਹ ਲਿਆ ਅਤੇ ਇਹ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਦੀ ਸ਼ਹਾਦਤ ਦੇ 40 ਦਿਨ ਦੇ ਬਾਦ ਦਾ ਕਿੱਸਾ ਹੈ।

ਜੀਵਨੀ ਦੀਆਂ ਕਿਤਾਬਾਂ ਵਿੱਚ ਮੌਜੂਦ ਸਾਖੀਆਂ ਵਿੱਚ ਹਜ਼ਰਤ ਖ਼ੁੱਬੇਬ ਰਜੀ ਅੱਲਾਹ ਅੰਨਹੁ ਦੀ ਲਾਸ਼ ਨੂੰ ਲਿਆਉਣ ਲਈ ਕੁੱਝ ਹੋਰ ਲੋਕਾਂ ਦਾ ਵੀ ਜ਼ਿਕਰ ਮਿਲਦਾ ਹੈ। ਸੋ, ਇੱਕ ਸਾਖੀ ਵਿੱਚ ਆਉਂਦਾ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਹਜ਼ਰਤ ਅਮਰ ਬਿਨ ਉਮਯਾ ਰਜ਼ੀ ਅੱਲਾਹ ਅੰਨਹੁ ਨੂੰ ਕੱਲ੍ਹੇ ਹੀ ਇਸ ਕੰਮ ਲਈ ਭੇਜਿਆ। ਇੱਕ ਸਾਖੀ ਵਿੱਚ ਹਜ਼ਰਤ ਉਮਰ ਬਿਨ ਉਮਯਾ ਰਜ਼ੀ ਅੱਲਾਹ ਅੰਨਹੁ ਦੇ ਨਾਲ ਹਜ਼ਰਤ ਜੱਬਾਰ ਬਿਨ ਸਖਰ ਅਨੰਸਾਰੀ ਰਜ਼ੀ ਅੱਲਾਹ ਅੰਨਹੁ ਦਾ ਨਾਂ ਵੀ ਮਿਲਦਾ ਹੈ। ਉਹ ਸਾਖੀ ਬਿਆਨ ਕਰਦੇ ਹਨ ਕਿ ਅਸੀਂ ਲਾਸ਼ ਸੂਲੀ ਤੋਂ ਲਾਹ ਲਈ ਅਤੇ ਜੱਦ ਕੁਰੈਸ਼ ਨੇ ਸਾਡਾ ਪਿੱਛਾ ਕੀਤਾ ਤਾਂ ਮੈਂ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਦੀ ਲਾਸ਼ ਨਦੀ ਵਿੱਚ ਸੁੱਟ ਦਿੱਤੀ। ਇੰਝ ਰੱਬ ਨੇ ਹਜ਼ਰਤ ਖ਼ੁੱਬੇਬ ਰਜੀ ਅੱਲਾਹ ਅੰਨਹੁ ਦੀ ਲਾਸ਼ ਨੂੰ ਕਾਫਰਾਂ ਤੋਂ ਗਾਇਬ ਕਰ ਦਿੱਤਾ। ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇੰਝ ਰੱਬ ਨੇ ਉਹਨਾਂ ਦੀ ਲਾਸ਼ ਨੂੰ ਬੇਇੱਜ਼ਤੀ ਤੋਂ ਬਚਾਏ ਰੱਖਿਆ। ਕੁਫ਼ਾਰ ਜੋ ਕੁੱਝ ਕਰਨਾ ਚਾਹੁੰਦੇ ਸਨ, ਉਹ ਨ ਕਰ ਸਕੇ। ਰੱਬ ਇੰਝ ਵੀ ਆਪਣੇ ਪਿਆਰੇ ਬੰਦੀਆਂ ਦੀ ਰਾਖੀ ਕਰਦਾ ਹੈ। ਬਹੁਤ ਸਾਰੇ ਅਜਿਹੇ ਮੌਕੇ ਹਨ, ਜਿੱਥੇ ਰੱਬ ਨੇ ਲਾਸ਼ਾਂ ਨੂੰ ਦੁਸ਼ਮਨਾਂ ਤੋਂ ਬਚਾਏ ਰੱਖਿਆ ਅਤੇ ਬੇਇੱਜ਼ਤੀ ਨਹੀਂ ਹੋਣ ਦਿੱਤੀ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇਸ ਸਰਯਾ ਦਾ ਜ਼ਿਕਰ ਇੱਥੇ ਖਤਮ ਹੋ ਗਿਆ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਮੈਂ ਦੁਆ ਲਈ ਕਹਿੰਦਾ ਰਹਿਣਾ। ਫਲਸਤੀਨੀਆਂ ਲਈ ਦੁਆ ਕਰੋ। ਹੁਣ ਤਾਂ ਅਤ ਹੀ ਕਰ ਦਿੱਤੀ ਆ। ਰਫ਼ਹ ਬਾਰੇ ਪਹਿਲਾਂ ਅਮਰੀਕਾ ਕਹਿੰਦਾ ਸੀ ਕਿ ਇਹ ਸਾਡੀ ਰੇਡ ਲਾਈਨ ਹੋਵੇਗੀ। ਹੁਣ ਕਹਿੰਦੇ ਹਨ : ਨਹੀਂ, ਹਾਲੇ ਨਹੀਂ ਖਤਮ ਹੋਈ। ਪਤਾ ਨਹੀਂ ਉਹਨਾਂ ਦੀ ਰੇਡ ਲਾਈਨ ਦਾ ਮਿਆਰ ਕੀ ਆ ? ਕਿੰਨ੍ਹੇ ਲੱਖ ਆਦਮੀਆਂ ਨੂੰ ਉਹਨਾਂ ਨੇ ਮਾਰਨਾ ਹੈ। ਫਿਰ ਹਿਲ ਜੁਲ ਪੈਦਾ ਹੋਵੇਗੀ। ਰੱਬ ਇਹਨਾਂ ਜ਼ਾਲਮਾਂ ਤੋਂ ਦੁਨੀਆਂ ਨੂੰ ਮੁਕਤੀ ਦੇਵੇ ਅਤੇ ਮਜ਼ਲੂਮ ਫਲਸਤੀਨੀਆਂ ਨੂੰ ਵੀ ਮੁਕਤੀ ਦੇਵੇ। ਆਮੀਨ

ਇੰਝ ਹੀ ਸੂਡਾਨ ਦੇ ਲੋਕਾਂ ਲਈ ਵੀ ਦੁਆ ਕਰੋ। ਉੱਥੇ ਤਾਂ ਮੁਸਲਮਾਨ, ਮੁਸਲਮਾਨਾਂ ਨੂੰ ਮਾਰ ਰਹੇ ਹਨ। ਰੱਬ ਉਹਨਾਂ ਨੂੰ ਵੀ ਅਕਲ ਬਖਸ਼ੇ। ਰੱਬ ਦੀ ਪਕੜ ਤੋਂ ਬਚਣ ਵਾਲੇ ਹੋਣ। ਉਸ ਦੇ ਆਦੇਸ਼ਾਂ ਉੱਤੇ ਅਮਲ ਕਰਨ ਵਾਲੇ ਹੋਣ। ਯਮਨ ਦੇ ਰੱਬ ਦੀ ਰਾਹ ਵਿੱਚ ਕੈਦ ਹੋਣ ਵਾਲਿਆਂ ਲਈ ਵੀ ਦੁਆ ਕਰੋ। ਪਾਕਿਸਤਾਨੀ ਅਹਮਦੀਆਂ ਲਈ ਵੀ ਦੁਆ ਕਰੋ। ਉੱਥੇ ਵੀ ਹਾਲਾਤ ਉੱਤੇ ਥੱਲੇ ਹੁੰਦੇ ਰਹਿੰਦੇ ਹਨ। ਈਦ ਕਰੀਬ ਆ ਰਹੀ ਹੈ। ਇਹਨਾਂ ਦਿਨਾਂ ਵਿੱਚ ਮੌਲਵੀ ਹੋਰ ਸਰਗਰਮ ਹੋ ਜਾਂਦੇ ਹਨ। ਰੱਬ ਹਰ ਅਹਮਦੀ ਨੂੰ ਹਰ ਨੁਕਸਾਨ ਤੋਂ ਬਚਾਏ। ਰੱਬ ਦੀ ਰਾਹ ਵਿੱਚ ਕੈਦ ਹੋਣ ਵਾਲਿਆਂ ਦੀ ਰਿਹਾਈ ਦੇ ਵੀ ਜਲਦ ਸਮਾਨ ਕਰੇ। ਆਮੀਨ

ਖੁਤਬੇ ਦੇ ਅਗਲੇ ਹਿੱਸੇ ਵਿੱਚ ਹਜ਼ੂਰੇ ਅਨਵਰ ਨੇ ਦੋ ਸਵਰਗਵਾਸੀਆਂ ਦਾ ਜ਼ਿਕਰ ਅਤੇ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਐਲਾਨ ਕੀਤਾ। ਪਹਿਲੇ, ਸ਼੍ਰੀਮਾਨ ਚੌਧਰੀ ਮੁਨੀਰ ਅਹਮਦ ਸਾਹਿਬ ਮੁਰੱਬੀ ਸਿਲਸਿਲਾ ਡਾਇਰੈਕਟਰ ਐਮ ਟੀ ਏ ਇੰਟਰਨੈਸ਼ਨਲ ਟੈਲੀ ਪੋਰਟ ਅਮਰੀਕਾ ਸਨ। ਪਿਛਲੀ ਦਿਨੀਂ 73 ਸਾਲ ਦੀ ਉਮਰ ਵਿੱਚ ਉਹਨਾਂ ਦਾ ਸਵਰਗਵਾਸ ਹੋਇਆ। ਮਰਹੂਮ ਨੂੰ 1981ਈ ਤੋਂ 1990ਈ ਅਤੇ ਫਿਰ 1994ਈ ਤੋਂ ਅੰਤਿਮ ਸੁਆਸਾਂ ਤੱਕ ਅਮਰੀਕਾ ਵਿੱਚ ਜਮਾਤ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਐਮ ਟੀ ਏ ਟੈਲੀ ਪੋਰਟ ਅਮਰੀਕਾ ਦੀ ਸਥਾਪਨਾ ਵਿੱਚ ਆਪ ਨੇ ਬਹੁਤ ਸਪਸ਼ਟ ਕਿਰਦਾਰ ਅਦਾ ਕੀਤਾ। ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਬਹੁਤ ਮਿਹਨਤ ਅਤੇ ਕੁਰਬਾਨੀ ਨਾਲ ਕੰਮ ਕਰਨ ਵਾਲੇ ਸਨ। ਟੈਕਨੀਕਲ ਕੰਮਾਂ ਨੂੰ ਵੀ ਆਪ ਨੇ ਕੋਸ਼ਿਸ਼ ਕਰਕੇ ਸਿੱਖਿਆ ਅਤੇ ਬਹੁਤ ਕੁਸ਼ਲਤਾ ਨਾਲ ਸਾਰੇ ਕੰਮ ਨੇਪਰੇ ਚਾੜ੍ਹੇ। ਮਰਹੂਮ ਦੁਆਵਾਂ ਕਰਨ ਵਾਲੇ, ਖਿਲਾਫ਼ਤ ਨਾਲ ਡੂੰਗਾ ਸੰਬੰਧ ਰੱਖਣ ਵਾਲੇ, ਮਹਿਮਾਨਾਂ ਦੀ ਸੇਵਾ ਕਰਨ ਵਾਲੇ ਵਿਅਕਤੀ ਸਨ। ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਮਿਸਾਲੀ ਵਾਕਫ਼ੇ ਜ਼ਿੰਦਗੀ ਸਨ। ਦੂਜੇ, ਸ਼੍ਰੀਮਾਨ ਅਬਦੁੱਲ ਰਹਿਮਾਨ ਕੁੱਟੀ ਸਾਹਿਬ ਆਫ਼ ਕੇਰਲ ਸਨ। ਪਿਛਲੀ ਦਿਨੀਂ ਉਹਨਾਂ ਦਾ ਸਵਰਗਵਾਸ ਹੋਇਆ। ਮਰਹੂਮ ਮੂਸੀ ਸਨ। 16 ਸਾਲ ਦੀ ਉਮਰ ਵਿੱਚ ਉਹਨਾਂ ਨੇ ਬੈਅਤ ਕਰਨ ਦੀ ਤੌਫ਼ੀਕ ਪਾਈ। ਮਰਹੂਮ ਨਮਾਜ਼ ਰੋਜ਼ੇ ਦੇ ਪਾਬੰਦ, ਜਮਾਤ ਨਾਲ ਸ਼ਰਧਾ ਦਾ ਸੰਬੰਧ ਰੱਖਣ ਵਾਲੇ, ਨਿਮਰ ਅਤੇ ਨੇਕ ਵਿਅਕਤੀ ਸਨ। ਮਰਹੂਮ ਦੇ ਇੱਕ ਪੁੱਤਰ ਸ਼੍ਰੀਮਾਨ ਸ਼ਮਸ-ਉੱਦ-ਦੀਨ ਮਾਲਾਬਾਰੀ ਸਾਹਿਬ ਮੁਬਲਿਗ ਇੰਚਾਰਜ ਕਬਾਬੀਰ ਵਜੋਂ ਸੇਵਾ ਕਰਨ ਦੀ ਤੌਫ਼ੀਕ ਪਾ ਰਹੇ ਹਨ। ਜੋ ਜਨਾਜ਼ਾ ਵਿੱਚ ਸ਼ਾਮਿਲ ਨਹੀਂ ਹੋ ਸਕੇ। ਹਜ਼ੂਰੇ ਅਨਵਰ ਨੇ ਮਰਹੂਮੀਨ ਦੀ ਬਖਸ਼ਿਸ਼ ਅਤੇ ਦਰਜਾਤ ਬੁਲੰਦ ਹੋਣ ਲਈ ਦੁਆ ਕੀਤੀ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ أَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ